## ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਮਿਤੀ 07.06.2017 ਨੂੰ ਸ਼ਾਮ 5.00 ਵਜੇ ਹੋਈ 19ਵੀਂ ਮੀਟਿੰਗ ਦੀ ਕਾਰਵਾਈ ।

ਮਿਤੀ 07.06.2017 ਨੂੰ ਸ਼੍ਰੀ ਕਰਨ ਅਵਤਾਰ ਸਿੰਘ, ਆਈ.ਏ.ਐਸ, ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 19ਵੀਂ ਮੀਟਿੰਗ ਹੋਈ ।

ਇਸ ਮੀਟਿੰਗ ਵਿੱਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ: | ਅਧਿਕਾਰੀ ਦਾ ਨਾਮ ਅਤੇ ਅਹੁੱਦਾ | ਅਹੁੱਦਾ |
|---|---|---|
| 1. | ਸ਼੍ਰੀਮਤੀ ਵਿਨੀ ਮਹਾਜਨ, ਆਈ.ਏ.ਐਸ.,<br>ਵਧੀਕ ਮੁੱਖ ਸਕਤਰ, ਪੰਜਾਬ ਸਰਕਾਰ,<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਐਸ.ਏ.ਐਸ ਨਗਰ । | ਮੈਂਬਰ |
| 2. | ਸ਼੍ਰੀ ਗੁਰਕੀਰਤ ਕ੍ਰਿਪਾਲ ਸਿੰਘ, ਆਈ.ਏ.ਐਸ,<br>ਵਿਸ਼ੇਸ਼ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ । | ਮੈਂਬਰ |
| 3. | ਸ਼੍ਰੀ ਰਵੀ ਭਗਤ, ਆਈ.ਏ.ਐਸ<br>ਮੁੱਖ ਪ੍ਰਸ਼ਾਸਕ, ਗਮਾਡਾ , ਐਸ.ਏ.ਐਸ ਨਗਰ । | ਮੈਂਬਰ |
| 4. | ਸ਼੍ਰੀਮਤੀ ਹਰਗੁਨਜੀਤ ਕੌਰ, ਪੀ.ਸੀ.ਐਸ,<br>ਵਧੀਕ ਸਕੱਤਰ, ਸਥਾਨਕ ਸਰਕਾਰ, ਪੰਜਾਬ ।<br>(ਵਧੀਕ ਮੁੱਖ ਸਕੱਤਰ, ਸਥਾਨਕ ਸਰਕਾਰ ਜੀ ਦਾ ਨੁਮਾਇੰਦਾ) | ਮੈਂਬਰ |
| 5. | ਸ਼੍ਰੀ ਹਰਨੇਕ ਸਿੰਘ, ਮੁੱਖ ਨਗਰ ਯੋਜਨਾਕਾਰ,<br>ਪੰਜਾਬ, ਐਸ.ਏ.ਐਸ ਨਗਰ । | ਮੈਂਬਰ |

ਮੀਟਿੰਗ ਵਿੱਚ ਹੇਠ ਦਰਸਾਏ ਅਨੁਸਾਰ ਲੜੀਵਾਰ ਅਜੰਡਾ ਆਈਟਮ ਕਮੇਟੀ ਵੱਲੋਂ ਵਿਚਾਰੇ ਗਏ ਅਤੇ ਇਸ ਉਪਰੰਤ ਫੈਸਲਾ ਲਿਆ ਗਿਆ :-

**ਅਜੰਡਾ ਆਈਟਮ ਨੰ: 19.01**

**ਗਮਾਡਾ ਜੀ ਕਾਰਜਕਾਰੀ ਕਮੇਟੀ ਦੀ 18ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ ।**

ਕਮੇਟੀ ਨੂੰ ਸੂਚਿਤ ਕੀਤਾ ਗਿਆ ਕਿ ਮੀਟਿੰਗ ਦੀ ਕਾਰਵਾਈ ਸਬੰਧੀ ਕਿਸੇ ਵੀ ਮੈਂਬਰ ਸਾਹਿਬਾਨ ਜੀ ਵੱਲੋਂ ਇਤਰਾਜ/ਸੋਧ ਕਰਨ ਸਬੰਧੀ ਕੋਈ ਵੀ ਤਜਵੀਜ਼/ਸੁਝਾਓ ਦਰਜ ਨਹੀਂ ਕੀਤਾ ਗਿਆ । ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ ।

Scanned by TapScanner

**ਅਜੰਡਾ ਆਈਟਮ ਨੂੰ 19.02**

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 21.02.2012 ਨੂੰ ਹੋਈ 18ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆ ਅਨੁਸਾਰ ਕੀਤੀ ਗਈ ਕਾਰਵਾਈ ।**

ਕਮੇਟੀ ਵੱਲੋਂ ਮੀਟਿੰਗ ਵਿੱਚ ਲਏ ਗਏ ਫੈਸਲੇ ਤੇ ਕੀਤੀ ਗਈ ਕਾਰਵਾਈ ਨੋਟ ਕੀਤੀ ਗਈ ।

**ਅਜੰਡਾ ਆਈਟਮ ਨੰ: 19.03**

**ਆਈ.ਟੀ.ਸਿਟੀ, ਐਸ.ਏ.ਐਸ ਨਗਰ ਵਿਖੇ ਗੁਰੂਦੁਆਰਾ ਸਾਹਿਬ ਲਈ ਈਅਰ ਮਾਰਕ ਕੀਤੀ ਗਈ ਸਾਈਟ ਦੀ ਅਲਾਟਮੈਂਟ ਕਰਨ ਬਾਰੇ ।**

ਕਮੇਟੀ ਵੱਲੋਂ ਮੱਦ ਨੂੰ ਕਾਰਜਬਾਅਦ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 19.04**

**ਗਮਾਡਾ ਅਥਾਰਿਟੀ ਦੇ ਸਾਲ 2015-16 ਦੇ ਸਲਾਨਾ ਲੇਖੇ ਅਪਰੂਵ ਕਰਨ ਬਾਰੇ ।**

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 19.05**

**ਗਮਾਡਾ ਅਥਾਰਿਟੀ ਦੇ ਸਾਲ 2016-17 ਦੇ ਸੋਧੇ ਬਜਟ ਅਨੁਮਾਨ ਅਤੇ ਸਾਲ 2017-18 ਦੇ ਬਜਟ ਅਨੁਮਾਨ ਪ੍ਰਵਾਨ ਕਰਨ ਸਬੰਧੀ।**

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 19.06**

**ਗਮਾਡਾ ਦੀ ਮੌਜੂਦਾ ਵਿੱਤੀ ਸਥਿਤੀ/ਕਰਜਿਆਂ ਦੀ ਅਦਾਇਗੀ ਬਾਰੇ।**

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

Scanned by TapScanner

**ਅਜੰਡਾ ਆਈਟਮ ਨੰ: 19.07**

**ਪਿੰਡ ਧੂੰਮਾਂ ਤਹਿਸੀਲ ਰਾਜਪੁਰਾ ਵਿੱਖੇ ਸਕਿਲ ਡਿਵੈਲਪਮੈਂਟ ਸੈਂਟਰ ਦੀ ਉਸਾਰੀ ਲਈ 19.08 ਲੱਖ ਰੁਪਏ ਦੇ ਫੰਡਜ਼ ਜਾਰੀ ਕਰਨ ਬਾਰੇ।**

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 19.08**

**ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਪੰਜਾਬ ਹਾਊਸਿੰਗ ਐਂਡ ਡਿਵੈਲਪਮੈਂਟ ਬੋਰਡ/ਪੁੱਡਾ ਵੱਲੋਂ ਅਲਾਟ ਕੀਤੇ ਗਏ ਈ.ਡਬਲਿਊ.ਐਸ ਅਤੇ ਐਲ.ਆਈ.ਜੀ ਮਕਾਨਾਂ ਦੇ ਅਲਾਟੀਆਂ ਵੱਲੋਂ ਵਾਧੂ ਉਸਾਰੀ ਕਰਨ ਦੇ ਇਵਜ ਵੱਜੋਂ Need based changes policy ਤਹਿਤ ਕੰਪਾਊਂਡਿੰਗ ਫੀਸ ਫਿਕਸ ਕਰਨ ਸਬੰਧੀ।**

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਹੇਠ ਲਿਖੇ ਸੁਝਾਵਾਂ ਨਾਲ ਪ੍ਰਵਾਨਗੀ ਦਿੱਤੀ ਗਈ:-

1. ਕਵਰਡ ਏਰੀਆ ਵਧਾਉਣ ਸਬੰਧੀ ਨਕਸ਼ਾ ਬਣਾ ਕੇ ਬਿਲਡਿੰਗ ਬਾਈਲਾਜ਼ ਮੁਤਾਬਿਕ ਉਸਾਰੀ ਲਈ ਵੱਧ ਤੋਂ ਵੱਧ ਦਿੱਤਾ ਜਾਣ ਵਾਲਾ ਏਰੀਆ ਈਅਰਮਾਰਕ ਕੀਤਾ ਜਾਵੇ।
2. ਸੀਵਰੇਜ਼ ਅਤੇ ਪਾਣੀ ਆਦਿ ਸਾਂਝੀਆਂ ਸੇਵਾਵਾਂ ਨੂੰ ਨਕਸ਼ੇ ਤੇ ਉਲੀਕਦੇ ਹੋਏ ਚੈਕ ਕਰ ਲਿਆ ਜਾਵੇ ।

**ਅਜੰਡਾ ਆਈਟਮ ਨੰ: 19.09**

**ਆਈ.ਟੀ. ਸਿਟੀ, ਐਸ.ਏ.ਐਸ ਨਗਰ ਵਿਖੇ 750 ਰਿਹਾਇਸ਼ੀ ਪਲਾਟਾਂ ਦੀ ਸਕੀਮ ਵਿੱਚ ਬਿਨੇਕਾਰਾਂ ਤੋਂ ਦਸਤਾਵੇਜ ਪ੍ਰਾਪਤ ਕਰਨ ਸਬੰਧੀ।**

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

Scanned by TapScanner

**ਅਜੰਡਾ ਆਈਟਮ ਨੰ: 19.10**

ਪੂਰਬ ਪ੍ਰੀਮੀਅਮ ਅਪਾਰਟਮੈਂਟ, ਸੈਕਟਰ 88 ਐਸ.ਏ.ਐਸ ਨਗਰ ਦੇ ਮੌਜੂਦਾ ਅਲਾਟੀਆਂ ਨੂੰ ਗਰਾਊਂਡ ਫਲੋਰ ਅਤੇ ਫਸਟ ਫਲੋਰ ਵਿੱਚ ਖਾਲੀ ਪਏ ਫਲੈਟਾਂ ਨੂੰ ਤਬਦੀਲ ਕਰਨ ਬਾਰੇ ਪਾਲਿਸੀ ਬਨਾਉਣ ਬਾਰੇ।

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

**ਅਜੰਡਾ ਆਈਟਮ ਨੰ: 19.11**

ਪੂਰਬ ਪ੍ਰੀਮੀਅਮ ਅਪਾਰਟਮੈਂਟ, ਸੈਕਟਰ 88 ਐਸ.ਏ.ਐਸ ਨਗਰ ਸਕੀਮ ਦੀ ਸ਼ਰਤ ਨੰ: 2.3 (ii) ਦੀ ਕਾਰਜਬਾਅਦ ਪ੍ਰਵਾਨਗੀ ਸਬੰਧੀ ਅਜੰਡਾ।

ਕਮੇਟੀ ਵੱਲੋਂ ਵਿੱਤ ਤੇ ਲੇਖਾ ਕਮੇਟੀ ਦੇ ਫੈਸਲੇ ਦੀ ਪੁਸ਼ਟੀ ਕਰਦੇ ਹੋਏ ਮੱਦ ਨੂੰ ਪ੍ਰਵਾਨਗੀ ਦਿੱਤੀ ਗਈ ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮੱਤੇ ਨਾਲ ਸਮਾਪਤ ਹੋਈ ।

Scanned by TapScanner